D.M. - MIS

**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ 2 ਸ਼ਾਖਾ)**
**ਹੁਕਮ**

ਸਿੱਖਿਆ ਵਿਭਾਗ ਦੇ ਮਾਸਟਰ ਕਾਡਰ ਤੋਂ ਮੁਖ ਅਧਿਆਪਕ/ਮੁੱਖ ਅਧਿਆਪਕਾਵਾਂ ਦੀਆਂ ਪਦ ਉਨਤੀਆਂ ਕਰਨ ਲਈ ਮਿਤੀ 06.05.2015 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਹੋਈ। ਲੈਫਟ ਆਊਟ ਕੇਸਾਂ ਵਿੱਚ 3 ਕਰਮਚਾਰੀਆਂ ਨੂੰ ਮੁਖ ਅਧਿਆਪਕ/ਮੁੱਖ ਅਧਿਆਪਕਾਵਾਂ ਦੀ ਪੱਦ ਉਨੱਤੀ ਲਈ ਯੋਗ ਪਾਇਆ ਗਿਆ।

2 ਮਾਨਯੋਗ ਹਾਈਕੋਰਟ ਵਿਖੇ ਸੀ. ਓ. ਸੀ. ਪੀ. ਨੰ: 3145 ਆਫ 2014 ਐਲ.ਪੀ.ਏ. ਨੰ: 294 ਆਫ 2003 ਇਨ ਸਿਵਲ ਰਿਟ ਪਟੀਸਨ ਨੰ: 3395 ਆਫ 1987 ਵਿੱਚ ਹੋਏ ਫੈਸਲੇ ਦੀ ਪਾਲਣਾ ਹਿੱਤ ਅਤੇ ਸੀਨੀਆਰਤਾ ਦੇ ਅਧਾਰ ਤੇ ਇਹਨਾਂ ਪਟੀਸਨਰਾਂ ਦਾ ਨਾਮ ਤਰਕੀ ਲਈ ਵਿਚਾਰਿਆ ਗਿਆ ਹੈ।

3 ਇਸ ਲਈ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾ ਦੇ ਸਨਮੁੱਖ ਅਤੇ ਮਾਸਟਰ ਕਾਡਰ ਦੀ ਸੀਨੀਆਰਤਾ ਪੰਜਾਬ ਸਟੇਟ ਐਜੂਕੇਸ਼ਨ ਕਲਾਸ 3 (ਸਕੂਲ ਕਾਡਰ) ਸਰਵਿਸ ਰੂਲ 1970 ਦੇ ਰੂਲ 11 ਰੈਡ ਵਿਦ ਰੂਲ 8 ਆਫ ਪੰਜਾਬ ਸਿਵਲ ਸੇਵਾਵਾਂ (ਜਨਰਲ ਐਂਡ ਕਾਮਨ ਕੰਡਿਸ਼ਨ ਆਫ ਸਰਵਿਸ) ਰੂਲ 1994 ਦੇ ਉਪਬੰਧਾ ਅਨੁਸਾਰ ਨਿਰਧਾਰਤ ਕਰਨ ਹਿੱਤ ਸ੍ਰੀਮਤੀ ਸੁਨੀਤਾ, ਹਿਸਾਬ ਮਿਸਟ੍ਰੈਸ, ਸਸਸਸ ਛੇਹਰਟਾ (ਅਮ੍ਰਿਤਸਰ) ਦੀ ਨੋਸ਼ਨਲੀ ਤਰਕੀ ਮਿਤੀ 31-3-2015 ਤੋਂ ਕਰਨ ਦੇ ਹੁਕਮ ਕੀਤੇ ਜਾਂਦੇ ਹਨ।

4 ਉਪਰੋਕਤ ਦੇ ਸਨਮੁੱਖ ਸ੍ਰੀਮਤੀ ਸੁਨੀਤਾ, ਹਿਸਾਬ ਮਿਸਟ੍ਰੈਸ, ਸਸਸਸ ਛੇਹਰਟਾ (ਅਮ੍ਰਿਤਸਰ) ਨੂੰ ਬਤੌਰ ਮੁੱਖ ਅਧਿਆਪਕਾ ਤਨਖਾਹ ਸਕੇਲ 10300-34800 + 5400 (ਪੇ ਸਕੇਲ) ਵਿੱਚ 31-3-2015 ਤੋਂ ਨੋਸ਼ਨਲ ਤੌਰ ਤੇ ਪੱਦ ਉਨੱਤ ਕੀਤਾ ਜਾਂਦਾ ਹੈ।

5. ਸ੍ਰੀਮਤੀ ਸੁਨੀਤਾ, ਹਿਸਾਬ ਮਿਸਟ੍ਰੈਸ, ਸਸਸਸ ਛੇਹਰਟਾ (ਅਮ੍ਰਿਤਸਰ) ਦੀ ਬਤੌਰ ਮੁੱਖ ਅਧਿਆਪਕਾ ਪੱਦ ਉੱਨਤੀ ਕਰਨ ਉਪਰੰਤ ਇਸਦੀ ਪੋਸਟਿੰਗ ਸਰਕਾਰੀ ਹਾਈ ਸਕੂਲ ਅਬਦਾਲ, ਜਿਲ੍ਹਾ ਅੰਮ੍ਰਿਤਸਰ ਵਿਖੇ ਖਾਲੀ ਥਾਂ ਤੇ ਕੀਤੀ ਜਾਂਦੀ ਹੈ।

6. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਕਰਮਚਾਰੀ/ਕਰਮਚਾਰਨ ਦੁਆਰਾ ਇਕ ਹਫਤੇ ਦੇ ਅੰਦਰ ਅੰਦਰ ਆਪਣੇ ਤਾਇਨਾਤੀ ਦੇ ਸਥਾਨ ਤੇ ਜੁਆਇਨ ਕਰਨਾ ਯਕੀਨੀ ਬਣਾਇਆ ਜਾਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ ਨੂੰ ਅਗਲੇ ਦੋ ਸਾਲ ਲਈ ਪਦ-ਉਨਤੀ ਤੋਂ ਡੀ-ਬਾਰ ਸਮਝਿਆ ਜਾਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਮਿਤੀ, ਚੰਡੀਗੜ੍ਹ:**
19 .05.2015

**ਸੀ. ਰਾਉਲ, ਆਈ.ਏ.ਐਸ,**
**ਪ੍ਰਮੁੱਖ ਸਕੱਤਰ ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ।**

ਪਿ:ਅੰ:ਨੰ: 12/46/2014 -5ਸਿ2(ਪਾ.ਫਾ.)/488720 ਮਿਤੀ, ਚੰਡੀਗੜ੍ਹ: 19 -5-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜ ਦਿਤਾ ਜਾਵੇ ਜੀ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ 8 ਮੋਹਾਲੀ ਨੂੰ ਨੂੰ ਬੇਨਤੀ ਹੈ ਕਿ ਉਪਰੋਕਤ ਹੁਕਮਾਂ ਨੂੰ ਸਿੱਖਿਆ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ 8 ਮੋਹਾਲੀ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਉਪਰੋਕਤ ਹੁਕਮਾਂ ਅਨੁਸਾਰ ਹਲਫੀਆ ਬਿਆਨ ਦਾਇਰ ਕੀਤਾ ਜਾਵੇ।

17578 27/5/15

3. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ, ਫਰੀਦਕੋਟ ਨੂੰ ਹਦਾਇਤ ਕੀਤੀ ਜਾਂਦੀ ਹੈ ਇਹਨਾਂ ਕਰਮਚਾਰੀਆਂ ਦੀ ਹਾਜਰੀ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ ਅਤੇ ਅਗਰ ਕਿਸੇ ਕਰਮਚਾਰੀ ਦੇ ਸਟੇਸ਼ਨ ਗਲਤ ਲਿਖਿਆ ਜਾਂਦਾ ਹੈ ਉਸ ਸਬੰਧੀ ਸਪਸ਼ਟੀਕਰਨ ਲਈ ਤਜਵੀਜ ਵੀ ਸਰਕਾਰ ਨੂੰ ਭੇਜੀ ਜਾਵੇ।

4. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਅਮ੍ਰਿਤਸਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਰਮਚਾਰੀ ਦੀ ਹਾਜਰੀ ਰਿਪੋਰਟ ਡੀ.ਪੀ.ਆਈ.(ਸੈ.ਸਿ.) ਪੰਜਾਬ ਅਤੇ ਸਰਕਾਰ ਨੂੰ ਭੇਜੀ ਜਾਵੇ।

<u>ਰਜਿਸਟਰਡ</u> 5. ਸ੍ਰੀਮਤੀ ਸੁਨੀਤਾ, ਹਿਸਾਬ ਮਿਸਟ੍ਰੈਸ, ਸਸਸਸ ਛੇਹਰਟਾ (ਅਮ੍ਰਿਤਸਰ)।

ਸੁਪਰਡੰਟ

ਅੰਦਰੂਨੀ ਵੰਡ ਅਧੀਨ:-

1. ਪੀ.ਏ./ ਵਿ.ਸ.ਸ.ਸਿ.
2. ਰਿਕਾਰਡਰ ਸਿਖਿਆ-2 ਸਾਖਾ